20Page5.qxd 8/19/2025 10:37 PM Page 1

ਮੁੰਬਈ ਹੋਈ ਪਾਣੀ-ਪਾਣੀ : ਹਵਾਈ, ਸੜਕ, ਰੇਲ ਸੇਵਾਵਾਂ ਪ੍ਰਭਾਵਤ

ਮਿੱਠੀ ਦਰਿਆ 'ਚ ਪਾਣੀ ਦਾ ਪੱਧਰ ਵਧਣ ਮਗਰੋਂ 500 ਲੋਕਾਂ ਨੂੰ ਸੁਰੱਖਿਅਤ ਥਾਵਾਂ ਉਤੇ ਪਹੁੰਚਾਇਆ

ਮੁੰਬਈ, 19 ਅਗੱਸਤ : ਮੁੰਬਈ 'ਚ ਰੀਕਾਰਡਤੋੜ 300 ਮਿਲੀਮੀਟਰ ਮੀਂਹ ਪੈਣ ਮਗਰੋਂ ਸੜਕ, ਰੇਲ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਤ ਰਹੀ ਅਤੇ ਆਮ

- ਭਾਰੀ ਮੀਂਹ ਕਾਰਨ ਮੁੰਬਈ ਦੀ ਮੋਨੋਰੇਲ ਵਿਚ ਪਿਆ ਨੁਕਸ
- ਸੈਂਕੜੇ ਮੁਸਾਫ਼ਰ ਅੱਧ ਅਸਮਾਨ ਟੰਗੇ ਗਏ

ਮੁੰਬਈ 'ਚ ਪੁਲ ਉਤੇ ਬੰਦ ਹੋਈ ਮੋਨੋ ਰੇਲ 'ਚੋਂ ਯਾਤਰੀਆਂ ਨੂੰ ਕਢਦੇ ਬਚਾਅ ਕਰਮੀ।

ਜੀਵਨ 'ਤੇ ਬਹੁਤ ਬੁਰਾ ਅਸਰ ਪਿਆ। ਮਿੱਠੀ ਦਰਿਆ ਦੇ ਪੱਧਰ 'ਚ ਵਾਧੇ ਕਾਰਨ 400-500 ਲੋਕਾਂ ਨੂੰ ਸੁਰੱਖਿਅਤ ਥਾਵਾਂ ਉਤੇ ਪਹੁੰਚਾਇਆ ਗਿਆ ਹੈ। ਕਈ ਥਾਵਾਂ ਉਤੇ ਜਮ੍ਹਾਂ ਪਾਣੀ ਕਾਰਨ ਸੜਕਾਂ ਨੇ ਨਦੀਆਂ ਦਾ ਰੂਪ ਧਾਰ ਲਿਆ। ਫਸੇ ਮੁਸਾਫ਼ਰਾਂ ਅਤੇ ਪਾਣੀ ਭਰੀਆਂ ਸੜਕਾਂ ਉਪਰੋਂ ਲੰਘਣ ਲਈ ਸੰਘਰਸ਼ ਕਰ ਰਹੇ ਗੱਡੀਆਂ ਵਾਲਿਆਂ ਨੇ ਇਕ ਵਾਰ ਫਿਰ ਮਾਨਸੂਨ ਦੇ ਮੀਂਹ ਨਾਲ ਨਜਿੱਠਣ ਲਈ ਦੇਸ਼ ਦੀ ਵਿੱਤੀ ਰਾਜਧਾਨੀ ਦੀ ਸਾਲਾਨਾ ਚੁਨੌਤੀ ਨੂੰ ਉਜਾਗਰ ਕਰ ਦਿਤਾ।ਭਾਰੀ ਮੀਂਹ ਕਾਰਨ ਮੰਗਲਵਾਰ ਸ਼ਾਮ ਨੂੰ ਮੁੰਬਈ ਦੇ ਮੈਸੂਰ ਕਲੋਨੀ ਅਤੇ ਭਗਤੀ ਪਾਰਕ ਸਟੇਸ਼ਨਾਂ ਵਿਚਕਾਰ ਇਕ ਮੋਨੋਰੇਲ ਰੇਲ ਗੱਡੀ ਬਿਜਲੀ ਸਪਲਾਈ 'ਚ ਨੁਕਸ ਪੈਣ ਕਾਰਨ ਖੜ੍ਹ ਗਈ। ਫਾਇਰ ਬ੍ਰਿਗੇਡ ਅਤੇ ਹੋਰ ਏਜੰਸੀਆਂ ਨੂੰ ਕਰੇਨਾਂ ਦੀ ਮਦਦ ਨਾਲ ਰੇਲ ਗੱਡੀ ਅੰਦਰ ਬੈਠੇ ਸੈਂਕੜੇ ਮੁਸਾਫ਼ਰਾਂ ਨੂੰ ਕੱਢਣ ਲਈ ਬਚਾਅ ਮੁਹਿੰਮ ਚਲਾਉਣੀ ਪਈ।

ਮੌਸਮ ਵਿਗਿਆਨੀਆਂ ਮੁਤਾਬਕ ਬੰਗਾਲ ਦੀ ਖਾੜੀ ਉਤੇ ਘੱਟ ਦਬਾਅ ਵਾਲੇ ਖੇਤਰ ਅਤੇ ਮਾਨਸੂਨ ਹਵਾਵਾਂ ਦੇ ਮਜ਼ਬੂਤ ਹੋਣ ਕਾਰਨ ਭਾਰੀ ਬਾਰਸ਼ ਹੋਈ। ਭਾਰੀ ਮੀਂਹ ਕਾਰਨ ਪਟੜੀਆਂ ਡੁੱਬਣ ਮਗਰੋਂ ਮੱਧ ਰੇਲਵੇ ਦੀਆਂ ਮੁੱਖ ਅਤੇ ਹਾਰਬਰ ਲਾਈਨਾਂ ਉਤੇ ਸਥਾਨਕ ਰੇਲ ਸੇਵਾਵਾਂ ਪ੍ਰਭਾਵਤ ਹੋਈ। ਰੇਲ ਮੁਸਾਫ਼ਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਜਦਕਿ ਉਡਾਣਾਂ ਦਾ ਸੰਚਾਲਨ ਵੀ ਪ੍ਰਭਾਵਤ ਹੋਇਆ। ਅਧਿਕਾਰੀਆਂ ਨੇ ਦਸਿਆ ਕਿ ਕੁੱਝ ਥਾਵਾਂ ਉਤੇ ਰੇਲ ਪਟੜੀਆਂ 17 ਇੰਚ ਤਕ ਪਾਣੀ 'ਚ ਡੁੱਬ ਗਈਆਂ। ਮੁੰਬਈ ਹਵਾਈ ਅੱਡੇ ਉਤੇ ਘੱਟੋ-ਘੱਟ ਅੱਠ ਉਡਾਣਾਂ ਦਾ ਰਾਹ ਮੋੜਿਆ ਗਿਆ ਅਤੇ ਕਈਆਂ ਵਿਚ ਦੇਰੀ ਹੋਈ। ਏਅਰਲਾਈਨਾਂ ਨੇ ਮੁਸਾਫ਼ਰਾਂ ਨੂੰ ਲਗਾਤਾਰ ਮੀਂਹ ਕਾਰਨ ਉਡਾਣਾਂ ਵਿਚ ਦੇਰੀ ਬਾਰੇ ਸੂਚਿਤ ਕੀਤਾ ਅਤੇ ਘੱਟ ਦਿਸਣ ਹੱਦ ਪ੍ਰਕਿਰਿਆਵਾਂ ਨੂੰ ਰੁਕ-ਰੁਕ ਕੇ ਲਾਗੂ ਕੀਤਾ ਗਿਆ। ਸੂਤਰਾਂ ਮੁਤਾਬਕ ਇੰਡੀਗੋ ਦੀਆਂ 6 ਉਡਾਣਾਂ ਅਤੇ ਸਪਾਈਸ ਜੈੱਟ ਤੇ ਏਅਰ ਇੰਡੀਆ ਦੀ ਇਕ-ਇਕ ਉਡਾਣ ਨੂੰ ਸੂਰਤ, ਅਹਿਮਦਾਬਾਦ ਅਤੇ ਹੈਦਰਾਬਾਦ ਸਮੇਤ ਨੇੜਲੇ ਹਵਾਈ ਅੱਡਿਆਂ ਵਲ ਮੋੜ ਦਿਤਾ ਗਿਆ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਪੱਤਰਕਾਰਾਂ ਨੂੰ ਦਸਿਆ ਕਿ ਮਿੱਠੀ ਨਦੀ ਖਤਰੇ ਦੇ ਨਿਸ਼ਾਨ ਉਤੇ ਪਹੁੰਚ ਗਈ ਹੈ ਅਤੇ 400 ਤੋਂ 500 ਲੋਕਾਂ ਨੂੰ ਸੁਰੱਖਿਅਤ ਥਾਵਾਂ ਉਤੇ ਪਹੁੰਚਾਉਣਾ ਪਿਆ ਹੈ। (ਏਜੰਸੀ)

ਮਹਾਰਾਸ਼ਟਰ 'ਚ ਭਾਰੀ ਮੀਂਹ ਕਾਰਨ 6 ਮੌਤਾਂ

ਮੁੰਬਈ, 19 ਅਗੱਸਤ : ਮਹਾਰਾਸ਼ਟਰ ਦੇ ਕਈ ਜ਼ਿਲ੍ਹਿਆਂ 'ਚ ਭਾਰੀ ਮੀਂਹ ਕਾਰਨ ਪਿਛਲੇ ਕੁੱਝ ਦਿਨਾਂ 'ਚ 6 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਸੈਂਕੜੇ ਲੋਕ ਬੇਘਰ ਹੋ ਗਏ ਹਨ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਆਫ਼ਤ ਪ੍ਰਬੰਧਨ ਵਿਭਾਗ ਨਾਲ ਹੜ੍ਹ ਦੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਕਿਹਾ ਕਿ ਅਗਲੇ 48 ਘੰਟੇ ਮੁੰਬਈ, ਠਾਣੇ, ਰਾਏਗੜ੍ਹ, ਰਤਨਾਗਿਰੀ ਅਤੇ ਸਿੰਧੂਦੁਰਗ ਜ਼ਿਲ੍ਹਿਆਂ ਲਈ ਮਹੱਤਵਪੂਰਨ ਹੋਣਗੇ। ਮਹਾਰਾਸ਼ਟਰ ਦੇ ਨਾਂਦੇੜ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਤ ਪਿੰਡਾਂ ਤੋਂ 290 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਹੈ ਅਤੇ ਰਾਜ ਆਫ਼ਤ ਪ੍ਰਤੀਕਿਰਿਆ ਬਲ (ਐਸ.ਡੀ.ਆਰ.ਐਫ.) ਅਤੇ ਫੌਜ ਨੂੰ ਖੇਤਰ ਵਿਚ ਤਾਇਨਾਤ ਕੀਤਾ ਗਿਆ ਹੈ। (ਪੀਟੀਆਈ)

ਨਾਂਦੇੜ 'ਚ ਹੜ੍ਹ ਨਾਲ ਭਰੀ ਸੜਕ ਉਤੇ 7 ਲੋਕ ਰੁੜ੍ਹੇ, 3 ਨੂੰ ਬਚਾਇਆ ਗਿਆ

ਨਾਂਦੇੜ, 19 ਅਗੱਸਤ : ਮਹਾਰਾਸ਼ਟਰ ਦੇ ਨਾਂਦੇੜ ਜ਼ਿਲ੍ਹੇ 'ਚ ਮੰਗਲਵਾਰ ਤੜਕੇ ਪਾਣੀ ਨਾਲ ਭਰੀ ਸੜਕ ਉਤੇ ਇਕ ਆਟੋ ਰਿਕਸ਼ਾ ਅਤੇ ਇਕ ਕਾਰ 'ਚ ਸਵਾਰ 7 ਲੋਕ ਵਹਿ ਗਏ। ਅਧਿਕਾਰੀ ਨੇ ਦਸਿਆ ਕਿ ਸਥਾਨਕ ਬਚਾਅ ਟੀਮਾਂ ਤਿੰਨ ਵਿਅਕਤੀਆਂ ਨੂੰ ਬਚਾਉਣ 'ਚ ਸਫਲ ਰਹੀਆਂ ਹਨ, ਜਦਕਿ ਇਕ ਪੁਰਸ਼ ਅਤੇ ਤਿੰਨ ਔਰਤਾਂ ਦੀ ਭਾਲ ਜਾਰੀ ਹੈ। ਉਨ੍ਹਾਂ ਦਸਿਆ ਕਿ ਇਹ ਘਟਨਾ ਤੜਕੇ ਕਰੀਬ 1:40 ਵਜੇ ਮੁਜਖੇੜ-ਉਦਗੀਰ ਰੋਡ ਉਤੇ ਵਾਪਰੀ। ਅਧਿਕਾਰੀ ਨੇ ਦਸਿਆ ਕਿ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਤ ਪਿੰਡਾਂ ਤੋਂ 293 ਲੋਕਾਂ ਨੂੰ ਬਚਾਇਆ ਗਿਆ ਹੈ, ਜਿੱਥੇ ਪਿਛਲੇ ਦੋ ਦਿਨਾਂ ਤੋਂ ਭਾਰੀ ਬਾਰਸ਼ ਹੋਈ ਹੈ। (ਏਜੰਸੀ)

ਵਿਰੋਧੀ ਧਿਰ ਨੇ ਮੁੜ ਸੰਸਦ ਕੰਪਲੈਕਸ ਵਿਚ ਐਸ.ਆਈ.ਆਰ. ਵਿਰੁਧ ਕੀਤਾ ਰੋਸ ਪ੍ਰਦਰਸ਼ਨ

ਸੜਕਾਂ ਤੋਂ ਸੰਸਦ ਤਕ ਵੋਟਿੰਗ ਅਧਿਕਾਰ ਲਈ ਲੜਾਈ ਜਾਰੀ : ਖੜਗੇ

ELECTION COMMISSION
ELECTION COMMISSION
ELECTION COMMISSION